26

# ਸੱਬਤ ਦੇ ਸਬੰਧ ਵਿਚ ਸਵਾਲ

## (12:1-14)

ਅਧਿਆਇ 11 ਵਿਚ ਆਰੰਭ ਕੀਤਾ ਗਿਆ ਠੁਕਰਾਏ ਜਾਣ ਦਾ ਵਿਸ਼ਾ ਇਸ ਅਧਿਆਇ ਵਿਚ ਜਾਰੀ ਰਹਿੰਦਾ ਹੈ। ਮੱਤੀ ਨੇ ਯਿਸੂ ਦੇ ਇਸ ਵਿਰੋਧ ਨੂੰ ਸਮਝਾਉਣ ਲਈ ਵੈਰ ਦੀਆਂ ਉਦਾਹਰਣਾਂ ਦੀ ਵਰਤੋਂ ਕੀਤੀ। ਇਸ ਨਕਾਰਾਤਮਕ ਸੁਰ ਨਾਲ, ਮੱਤੀ ਆਪਣੇ ਪਾਠਕਾਂ ਨੂੰ ਨਿਆਂ ਦੇ ਦ੍ਰਿਸ਼ਟਾਂਤਾਂ ਲਈ ਵੀ ਤਿਆਰ ਕਰ ਰਿਹਾ ਸੀ (ਅਧਿਆਇ 13)।

ਫ਼ਰੀਸੀਆਂ ਨਾਲ ਤਿੰਨ ਝਗੜੇ (12: 1–14, 22–37, 38–45) ਮੱਤੀ ਦੇ ਵੈਰ ਵਾਲੇ ਵੇਰਵੇ ਦਾ ਇਕ ਵੱਡਾ ਹਿੱਸਾ ਹਨ। ਇਨ੍ਹਾਂ ਝਗੜਿਆਂ ਦਾ ਮਹੱਤਵ ਇਕ ਅੰਤਰਾਲ (12: 15–21) ਅਤੇ ਇਕ ਭੂਮਿਕਾ ਨਾਲ ਵਿਖਾਇਆ ਗਿਆ ਹੈ (12:46–50)।[1] ਫ਼ਰੀਸੀ ਲੋਕ ਹੀ ਉਹ ''ਗਿਆਨੀ ਅਤੇ ਬੁੱਧਵਾਨ'' ਸਨ ਜਿਨ੍ਹਾਂ ਤੋਂ ਖ਼ੁਦਾ ਦੀ ਸਮਝ ਨੂੰ ਗੁਪਤ ਰੱਖਿਆ ਗਿਆ ਸੀ (11:25)। ਉਨ੍ਹਾਂ ਦੀਆਂ ਰੀਤਾਂ ਜੋ ਇਕ ਔਖਾ ਜੂਲਾ ਅਤੇ ਭਾਰੀ ਬੋਝ ਸੀ, ਯਿਸੂ ਦੀਆਂ ਸਿੱਖਿਆਵਾਂ ਦੇ ਜੋ ਅਸਾਨ ਜੂਲੇ ਅਤੇ ਹੌਲੇ ਬੋਝ ਦੀ ਪੇਸ਼ਕਸ਼ ਕਰਦੀਆਂ ਸਨ, ਬਿਲਕੁਲ ਉਲਟ ਸੀ (11:30)।

ਯਿਸੂ ਦੇ ਪ੍ਰਤੀ ਧਾਰਮਿਕ ਲੋਕਾਂ ਦੀ ਨਰਾਜ਼ਗੀ ਸੱਬਤ ਦੀਆਂ ਰੀਤਾਂ ਨੂੰ ਉਸ ਦੇ ਤੋੜਨ ਤੇ ਕੇਂਦਰਿਤ ਸੀ (ਵੇਖੋ ਯੂਹੰਨਾ 5: 1–18)। ਉਸ ਨੇ ਸੱਬਤ ਦੇ ਸਬੰਧ ਵਿਚ ਸ਼ਰ੍ਹਾ ਦੀਆਂ ਅਸਲ ਸਿੱਖਿਆਵਾਂ ਨੂੰ ਕਦੇ ਨਹੀਂ ਤੋੜਿਆ ਸੀ, ਪਰ ਉਨ੍ਹਾਂ ਰੀਤਾਂ ਦਾ ਵਿਰੋਧ ਜ਼ਰੂਰ ਕੀਤਾ ਸੀ ਜਿਹੜੀਆਂ ਸਦੀਆਂ ਤੋਂ ਯਹੂਦੀ ਗੁਰੂਆਂ ਨੇ ਬਣਾ ਲਈਆਂ ਸਨ। ਸ਼ਰ੍ਹਾ ਨੂੰ ਨਾ ਤੋੜਨ ਦੀ ਕੋਸ਼ਿਸ਼ ਵਿਚ ਉਨ੍ਹਾਂ ਨੇ ''ਤੂੰ ਸੱਬਤ ਦੇ ਦਿਨ ਨੂੰ ਪਵਿੱਤਰ ਜਾਣ ਕੇ ਚੇਤੇ ਰੱਖ'' (ਕੂਚ 20:8) ਦੀ ਸਿੱਧੀ ਜਿਹੀ ਗੱਲ ਨੂੰ ਪੇਚੀਦਾ ਬਣਾ ਦਿੱਤਾ ਸੀ। ਯਿਸੂ ਅਤੇ ਉਸ ਦੇ ਚੇਲੇ ਇਨ੍ਹਾਂ ਰੀਤਾਂ ਨੂੰ ਤੋੜ ਰਹੇ ਸਨ ਜਿਸ ਕਰਕੇ ਉਨ੍ਹਾਂ ਨੂੰ ਸਵਾਲਾਂ ਦਾ ਸਾਹਮਣਾ ਕਰਨਾ ਪਿਆ।

### ਵਾਢੀ ਰਾਹੀਂ ਅਪਵਿੱਤਰ ਕਰਨਾ (12:1-8)

**1ਉਸ ਵੇਲੇ ਯਿਸੂ ਸੱਬਤ ਦੇ ਦਿਨ ਖੇਤਾਂ ਵਿੱਚੋਂ ਦੀ ਲੰਘਿਆ ਅਤੇ ਉਹ ਦੇ ਚੇਲੇ ਭੁੱਖੇ ਹੋਕੇ ਸਿੱਟੇ**
**ਤੋੜ ਤੋੜ ਚੱਬਣ ਲੱਗੇ। 2ਅਤੇ ਫ਼ਰੀਸੀਆਂ ਨੇ ਵੇਖ ਕੇ ਉਹ ਨੂੰ ਕਿਹਾ, ਵੇਖ, ਤੇਰੇ ਚੇਲੇ ਉਹ ਕੰਮ ਕਰਦੇ**
**ਹਨ ਜਿਹੜਾ ਸੱਬਤ ਦੇ ਦਿਨ ਕਰਨਾ ਜੋਗ ਨਹੀਂ। 3ਪਰ ਉਸ ਨੇ ਉਨ੍ਹਾਂ ਨੂੰ ਆਖਿਆ, ਭਲਾ, ਤੁਸਾਂ**
**ਇਹ ਨਹੀਂ ਪੜ੍ਹਿਆ ਭਈ ਦਾਊਦ ਨੇ ਕੀ ਕੀਤਾ ਜਾਂ ਉਹ ਅਤੇ ਉਹ ਦੇ ਸਾਥੀ ਭੁੱਖੇ ਸਨ? 4ਜੋ ਉਹ**
**ਕਿੱਕੁਰ ਪਰਮੇਸ਼ੁਰ ਦੇ ਘਰ ਵਿਚ ਗਿਆ ਅਤੇ ਚੜ੍ਹਾਵੇ ਦੀਆਂ ਰੋਟੀਆਂ ਖਾਧੀਆਂ ਜਿਹੜੀਆਂ ਉਹ ਨੂੰ ਅਤੇ**
**ਉਹ ਦੇ ਸਾਥੀਆਂ ਨੂੰ ਖਾਣੀਆਂ ਜੋਗ ਨਹੀਂ ਸਨ ਪਰ ਨਿਰੇ ਜਾਜਕਾਂ ਨੂੰ? 5ਯਾ ਤੁਸਾਂ ਤੁਰੇਤ ਵਿਚ ਇਹ**
**ਨਹੀਂ ਪੜ੍ਹਿਆ ਭਈ ਜਾਜਕ ਸੱਬਤ ਦੇ ਦਿਨ ਹੈਕਲ ਵਿਚ ਸੱਬਤ ਦਾ ਅਪਮਾਨ ਕਰ ਕੇ ਵੀ ਨਿਰਦੋਸ਼**
**ਹਨ? 6ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਐਥੇ ਹੈਕਲ ਨਾਲੋਂ ਵੀ ਇਕ ਵੱਡਾ ਹੈ। 7ਪਰ ਜੇ ਤੁਸੀਂ ਇਹ**
**ਦਾ ਅਰਥ ਜਾਣਦੇ ਕਿ ਮੈਂ ਬਲੀਦਾਨ ਨੂੰ ਨਹੀਂ ਸਗੋਂ ਦਯਾ ਨੂੰ ਚਾਹੁੰਦਾ ਹਾਂ ਤਾਂ ਨਿਰਦੋਸ਼ਾਂ ਨੂੰ ਦੋਸ਼ੀ ਨਾ**
**ਠਹਿਰਾਉਂਦੇ। 8ਕਿਉਂ ਜੋ ਮਨੁੱਖ ਦਾ ਪੁੱਤਰ ਸੱਬਤ ਦੇ ਦਿਨ ਦਾ ਮਾਲਕ ਹੈ।**

**ਆਇਤ 1. ਉਸ ਵੇਲੇ** ਮੱਤੀ ਵੱਲੋਂ ਵੇਰਵੇ ਇਕੱਠੇ ਕਰਨ ਲਈ ਵਰਤਿਆ ਗਿਆ ਇਕ ਅਨਿਸ਼ਚਿਤ ਵਾਕਅੰਸ਼ ਹੈ (11:25; 14:1)। **ਯਿਸੂ** ਆਪਣੇ **ਚੇਲਿਆਂ** ਨਾਲ **ਸੱਬਤ ਦੇ ਦਿਨ ਖੇਤਾਂ ਵਿੱਚੋਂ ਦੀ** ਲੰਘ ਰਿਹਾ ਸੀ। ਪਹਿਲੀ ਸਦੀ ਵਿਚ ਫ਼ਲਿਸਤੀਨ ਵਿਚ ਇਨ੍ਹਾਂ ਖੇਤਾਂ ਦੇ ਆਲੇ ਦੁਆਲੇ ਵਾੜਾਂ ਨਹੀਂ ਹੁੰਦੀਆਂ ਸਨ। ਇਸ ਦੀ ਥਾਂ ਉਨ੍ਹਾਂ ਨੂੰ ਛੋਟੇ ਛੋਟੇ ਪਹਿਆਂ ਨਾਲ ਇਕ ਦੂਜੇ ਤੋਂ ਵੱਖ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਦੀਆਂ ਹੱਦਾਂ ਪੱਥਰ ਰੱਖ ਕੇ ਠਹਿਰਾਈਆਂ ਜਾਂਦੀਆਂ ਸਨ (ਵਿਵਸਥਾਸਾਰ 19:14; 27:17; ਅੱਯੂਬ 24:2; ਕਹਾਉਤਾਂ 22:28; 23:10)। ਚੱਲਦੇ ਚੱਲਦੇ **ਉਹ ਦੇ ਚੇਲੇ ਭੁੱਖੇ ਹੋਕੇ ਸਿੱਟੇ ਤੋੜ ਤੋੜ ਚੱਬਣ ਲੱਗੇ।** ਅਜਿਹਾ ਕਰਦਿਆਂ ਉਹ ਸ਼ਰ੍ਹਾ ਦੇ ਦਾਇਰੇ ਵਿਚ ਹੀ ਸਨ। ਵਿਵਸਥਾਸਾਰ 23:25 ਕਹਿੰਦਾ ਹੈ, ''ਜਦ ਤੂੰ ਆਪਣੇ ਗੁਆਂਢੀ ਦੀ ਖੜੀ ਫ਼ਸਲ ਵਿਚ ਜਾਵੇਂ ਤਾਂ ਤੂੰ ਆਪਣੇ ਹੱਥ ਨਾਲ ਸਿੱਟੇ ਤੋੜੀਂ ਪਰ ਦਾਤੀ ਆਪਣੇ ਗੁਆਂਢੀ ਦੀ ਖੜੀ ਫ਼ਸਲ ਵਿਚ ਨਾ ਚਲਾਈਂ।'' ਚੇਲੇ ਵਾਢੀ ਨਹੀਂ ਕਰ ਰਹੇ ਸਨ ਬਲਕਿ ਉਹ ਸਿਰਫ਼ ਆਪਣੀ ਭੁੱਖ ਮਿਟਾਉਣ ਲਈ ਸਿੱਟੇ ਤੋੜ ਰਹੇ ਸਨ।

**ਆਇਤ 2. ਫ਼ਰੀਸੀਆਂ ਨੇ** ਇਹ ਇਲਜ਼ਾਮ ਕਿਉਂ ਲਾਇਆ ਕਿ **ਚੇਲੇ** ਅਜਿਹਾ ਕੰਮ ਕਰ ਰਹੇ ਹਨ ਜਿਹੜਾ **ਸੱਬਤ ਦੇ ਦਿਨ ਕਰਨਾ ਯੋਗ ਨਹੀਂ** ਸੀ? ਤੁਰੇਤ ਸੱਬਤ ਵਾਲੇ ਦਿਨ ਕੰਮ ਕਰਨ ਦੀ ਮਨਾਹੀ ਕਰਦੀ ਸੀ (ਕੂਚ 20:10; 34:21; ਲੇਵੀਆਂ ਦੀ ਪੋਥੀ 23:3; ਵਿਵਸਥਾਸਾਰ 5:12–15), ਪਰ ਕੁਝ ਹੀ ਖ਼ਾਸ ਗੱਲਾਂ ਦਿੱਤੀਆਂ ਗਈਆਂ ਸਨ। ਖਾਣਾ ਬਣਾਉਣ ਲਈ ਅੱਗ ਬਾਲਣਾ (ਕੂਚ 16:22–30; 35:3), ਬਾਲਣ ਇਕੱਠਾ ਕਰਨਾ (ਗਿਣਤੀ 15:32–36), ਭਾਰ ਚੁੱਕ ਕੇ ਲਿਜਾਣਾ (ਯਿਰਮਿਯਾਹ 17:21, 22), ਜਾਂ ਕਿਸੇ ਤਰ੍ਹਾਂ ਦਾ ਸੌਦਾ ਕਰਨਾ (ਨਹਮਯਾਹ 10:31; 13:15, 19) ਤੁਰੇਤ ਦੇ ਖ਼ਿਲਾਫ਼ ਸੀ।

ਪਰ ਰੱਬੀਆਂ ਦੀਆਂ ਰੀਤਾਂ ਹੋਰ ਡੂੰਘਿਆਈ ਵਿਚ ਚਲੀਆਂ ਗਈਆਂ ਸਨ। ਇਹ ਮਨੁੱਖੀ ਨਿਯਮ ਜਿਹੜੇ ਮਿਸ਼ਨਾਹ ਵਿਚ ਸੰਭਾਲ ਕੇ ਰੱਖੇ ਗਏ ਸਨ, ਵਾਢੀ ਕਰਨ, ਪੀੜਨ, ਛੱਟਣ ਅਤੇ ਪੀਹਣ ਸਣੇ ਉਣਤਾਲੀ ਵਿਸ਼ੇਸ਼ ਕਾਰਜਾਂ ਨੂੰ ਗਲਤ ਠਹਿਰਾਇਆ ਗਿਆ ਸੀ।[2] ਚੇਲਿਆਂ ਦੇ ਸਿੱਟੇ ਤੋੜਨ ਨੂੰ ਫ਼ਰੀਸੀਆਂ ਵੱਲੋਂ ਵਾਢੀ ਕਰਨਾ ਮੰਨ ਲਿਆ ਗਿਆ ਸੀ। ਸਿੱਟੇ ਹੱਥਾਂ ਵਿਚ ਮਸਲਣ (ਲੂਕਾ 6:2) ਦਾ ਮਤਲਬ ਗਾਹੁਣਾ ਅਤੇ ਫੂਕ ਮਾਰ ਕੇ ਦਾਣੇ ਸਾਫ਼ ਕਰਨ ਨੂੰ ਛੱਟਣਾ ਮੰਨ ਲਿਆ ਗਿਆ ਸੀ। ਸ਼ਾਇਦ ਉਨ੍ਹਾਂ ਨੇ ਦਾਣੇ ਖਾਣ ਤੋਂ ਪਹਿਲਾਂ ਇਨ੍ਹਾਂ ਨੂੰ ਆਪਣੇ ਹੱਥਾਂ ਵਿਚ ਮਸਲਿਆ ਸੀ, ਇਸ ਨੂੰ ਵੀ ਤੁਰੇਤ ਦਾ ਉਲੰਘਣ ਮੰਨ ਲਿਆ ਗਿਆ ਸੀ।

ਫ਼ਰੀਸੀ ਲੋਕ ਸੱਬਤ ਵਾਲੇ ਦਿਨ ਕਣਕ ਦੇ ਖੇਤ ਵਿਚ ਕੀ ਕਰ ਰਹੇ ਸਨ? ਬੇਸ਼ੱਕ ਉਹ ਯਿਸੂ ਅਤੇ ਉਸ ਦੇ ਚੇਲਿਆਂ ਤੇ ਇਲਜ਼ਾਮ ਲਾਉਣ ਦਾ ਬਹਾਨਾ ਲੱਭਣ ਲਈ ਉੱਥੇ ਗਏ ਸਨ। ਉਨ੍ਹਾਂ ਨੇ ਯਿਸੂ ਤੋਂ ਪੁੱਛਿਆ ਕਿ ਤੇਰੇ ਚੇਲੇ ਇਹ ਕੀ ਕਰ ਰਹੇ ਹਨ ਕਿਉਂ ਜੋ ਆਪਣੇ ਵਿਦਿਆਰਥੀਆਂ ਦੇ ਵਿਹਾਰ ਦੀ ਜ਼ਿੰਮੇਵਾਰੀ ਰੱਬੀ ਉੱਤੇ ਹੀ ਹੁੰਦੀ ਸੀ। ਇਹ ਤੱਥ ਕਿ ਯਿਸੂ ਨੇ ਉਨ੍ਹਾਂ ਦੇ ਵਿਹਾਰ ਤੇ ਅਫ਼ਸੋਸ ਜਤਾਇਆ, ਉਨ੍ਹਾਂ ਨੂੰ ''ਬੇਕਸੂਰ'' ਕਹਿਣ ਦੀ ਤਸਦੀਕ ਕਰਦਾ ਹੈ (12:7)।

**ਆਇਤਾਂ 3, 4.** ਯਿਸੂ ਨੇ ਚੇਲਿਆਂ ਨੂੰ ਕਣਕ ਦੇ ਸਿੱਟੇ ਤੋੜਨ ਅਤੇ ਖਾਣ ਲਈ ਝਿੜਕਿਆ ਨਹੀਂ। ਉਸ ਨੇ **''ਭਲਾ, ਤੁਸਾਂ ਇਹ ਨਹੀਂ ਪੜ੍ਹਿਆ?''** ਦੇ ਸਵਾਲ ਨਾਲ ਪਰਿਚੈ ਦਿੰਦਿਆਂ ਪੁਰਾਣੇ ਨੇਮ ਦੀਆਂ ਦੋ ਉਦਾਹਰਣਾਂ ਨਾਲ ਉਨ੍ਹਾਂ ਦਾ ਬਚਾਅ ਕੀਤਾ। ਯਿਸੂ ਕਈ ਮੌਕਿਆਂ ਤੇ ਸਵਾਲ ਅਤੇ ਲਿਖਤ ਵੱਲ ਧਿਆਨ ਦੁਆਉਣ ਨਾਲ ਸਾਹਮਣਾ ਕਰਨ ਦੀ ਇਸ ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤਦਾ ਸੀ (12:3, 5; 19:4; 21:16, 42; 22:31) ਜੋ ਕਿ ਰੱਬੀਆਂ ਦੇ ਤਰਕ ਵਿਚ ਇਕ ਆਮ ਵਿਹਾਰ ਸੀ।[3] ਬੇਸ਼ੱਕ ਫ਼ਰੀਸੀਆਂ ਨੂੰ ਇਹ ਖ਼ਾਸ ਸਵਾਲ ਪਰੇਸ਼ਾਨ ਕਰਨ ਵਾਲਾ ਲੱਗਾ ਹੋਵੇਗਾ।

ਯਿਸੂ ਦੀ ਪਹਿਲੀ ਉਦਾਹਰਣ **ਦਾਊਦ** ਦੀ ਸੀ ਜਿਸ ਨੂੰ ਉਹ ਬਹੁਤ ਸਲਾਹੁੰਦੇ ਸਨ। ਉਸ ਨੇ ਉਨ੍ਹਾਂ ਨੂੰ ਉਦੋਂ ਦੀ ਘਟਨਾ ਯਾਦ ਦੁਆਈ ਜਦ ਦਾਊਦ ਸ਼ਾਊਲ ਬਾਦਸ਼ਾਹ ਦੇ ਗੁੱਸੇ ਤੋਂ ਬਚਣ ਲਈ

ਭੱਜ ਰਿਹਾ ਸੀ (1 ਸਮੂਏਲ 21: 1–6)। ਦਾਊਦ ਨੋਬ ਕੋਲ **ਪਰਮੇਸ਼ੁਰ ਦੇ ਘਰ ਵਿਚ** ਭਾਵ ਉਸ ਤੰਬੂ ਵਿਚ ਗਿਆ ਜਿੱਥੇ ਅਹਿਦ ਦਾ ਸੰਦੂਕ ਰੱਖਿਆ ਗਿਆ ਸੀ। ਉਹ ਅਹੀਮਲਕ ਯਾਜਕ ਕੋਲ ਗਿਆ ਜਿਹੜਾ ਨੋਬ ਵਿਚ ਉਸ ਵਕਤ ਦੇ ਮਹਾਯਾਜਕ ਅਹੀਟੂਬ ਦਾ ਬੇਟਾ ਸੀ (1 ਸਮੂਏਲ 22: 11)।

ਧੋਖੇ ਨਾਲ ਦਾਊਦ ਨੇ ਯਾਜਕ ਨੂੰ ਯਕੀਨ ਦੁਆਇਆ ਕਿ ਉਹ ਰਾਜਾ ਸ਼ਾਊਲ ਲਈ ਇਕ ਗੁਪਤ ਮਿਸ਼ਨ ਉੱਤੇ ਆਇਆ ਹੋਇਆ ਹੈ। ਫਿਰ ਉਸ ਨੇ ਰੋਟੀਆਂ ਮੰਗੀਆਂ ਕਿਉਂਕਿ ਉਹ ਅਤੇ **ਉਹਦੇ ਸਾਥੀ ਭੁੱਖੇ ਸਨ।** ਅਹੀਮਲਕ ਅਤੇ ਉਸ ਦੇ ਸਾਥੀਆਂ ਨੂੰ ਚੜ੍ਹਾਵੇ ਦੀਆਂ ਰੋਟੀਆਂ ਭਾਵ ਮੇਜ਼ ਦੀਆਂ ਰੋਟੀਆਂ ਦੇ ਦਿੱਤੀਆਂ (ਕੂਚ 25: 30; 35: 13; 39: 36), ਜੋ ਤੰਬੂ ਵਿਚ ਮੇਜ਼ ਤੇ ਸਨ। ਇਹ ਰੋਟੀ **ਯਾਜਕਾਂ** ਦੇ ਖਾਣ ਲਈ ਸੀ (ਲੇਵੀਆਂ ਦੀ ਪੋਥੀ 24: 5–9)। ਖ਼ਾਸ ਮੇਜ਼ ਜਿਹੜੀ ''ਚੜ੍ਹਾਵੇ ਦੀਆਂ ਰੋਟੀਆਂ'' ਲਈ ਤਿਆਰ ਕੀਤੀ ਗਈ ਸੀ (ਕੂਚ 25: 23–30) ਤੇ ਛੇ–ਛੇ ਰੋਟੀਆਂ ਦੀਆਂ ਦੋ ਕਤਾਰਾਂ ਵਿਚ ਬਾਰਾਂ ਰੋਟੀਆਂ ਰੱਖੀਆਂ ਗਈਆਂ ਸਨ। ਇਹ ਰੋਟੀਆਂ ਇਸਰਾਏਲ ਦੇ ਬਾਰਾਂ ਗੋਤਰਾਂ ਨੂੰ ਵਿਖਾਉਂਦੀਆਂ ਅਤੇ ਖ਼ੁਦਾ ਨਾਲ ਉਨ੍ਹਾਂ ਦੀ ਲਗਾਤਾਰ ਸਾਂਝ ਦਾ ਪ੍ਰਤੀਕ ਸਨ। ਇਸਰਾਏਲ ਨੂੰ ਖ਼ੁਦਾ ਵਾਸਤੇ ਪਵਿੱਤਰ ਕੀਤਾ ਗਿਆ ਸੀ ਅਤੇ ਇਸੇ ਤਰ੍ਹਾਂ ਇਹ ਰੋਟੀਆਂ ਵੀ ਯਾਜਕਾਂ ਲਈ ਪਵਿੱਤਰ ਕੀਤੀਆਂ ਗਈਆਂ ਸਨ (ਲੇਵੀਆਂ ਦੀ ਪੋਥੀ 24: 5–9)। ਰੋਟੀਆਂ ਹਰ ਸ਼ੁੱਕਰਵਾਰ ਨੂੰ ਪਕਾਈਆਂ ਜਾਂਦੀਆਂ ਸਨ। ਪੁਰਾਣੀਆਂ ਰੋਟੀਆਂ ਦੀ ਥਾਂ ਹਰ ਸੱਬਤ ਵਾਲੇ ਦਿਨ ਨਵੀਆਂ ਰੋਟੀਆਂ ਰੱਖਣ ਤੇ ਯਾਜਕ ਪੁਰਾਣੀਆਂ ਰੋਟੀਆਂ ਨੂੰ ਖਾ ਲੈਂਦੇ ਸਨ (1 ਸਮੂਏਲ 21: 6)। ਇੱਥੇ ਸਮਝਾਉਣ ਵਾਲੀ ਦੋਹਰੀ ਗੱਲ ਹੈ। ਪਹਿਲੀ ਤਾਂ ਇਹ ਕਿ ਦਾਊਦ ਨੇ ਅਸਲ ਵਿਚ ਤੁਰੇਤ ਨੂੰ ਤੋੜਿਆ ਸੀ ਜਦਕਿ ਪ੍ਰਭੂ ਦੇ ਚੇਲਿਆਂ ਨੇ ਮਨੁੱਖ ਦੀਆਂ ਬਣਾਈਆਂ ਧਾਰਮਿਕ ਰੀਤਾਂ ਨੂੰ ਤੋੜਿਆ ਸੀ। ਫ਼ਰੀਸੀਆਂ ਨੇ ਦਾਊਦ ਨੂੰ ਤੁਰੇਤ ਦਾ ਉਲੰਘਣ ਕਰਨ ਲਈ ਤਾਂ ਦੋਸ਼ੀ ਨਹੀਂ ਠਹਿਰਾਇਆ ਪਰ ਉਹ ਆਪਣੀ ਰੀਤ ਤੋੜਨ ਲਈ ਯਿਸੂ ਦੇ ਚੇਲਿਆਂ ਨੂੰ ਦੋਸ਼ੀ ਠਹਿਰਾ ਰਹੇ ਸਨ। ਦੂਜਾ, ਯਿਸੂ ਦੇ ਮਨ ਵਿਚ ਲੋਕਾਂ ਨੂੰ ਸ਼ਰ੍ਹਾ ਤੋਂ ਉੱਪਰ ਤਰਜੀਹ ਦੇਣੀ ਚਾਹੀਦੀ ਹੈ: ''ਸੱਬਤ ਦਾ ਦਿਨ ਮਨੁੱਖ ਦੀ ਖਾਤਿਰ ਬਣਿਆ ਹੈ, ਨਾ ਕਿ ਮਨੁੱਖ ਸੱਬਤ ਦੀ ਖਾਤਿਰ'' (ਮਰਕੁਸ 2: 27)।

**ਆਇਤ 5.** ਯਿਸੂ ਵੱਲੋਂ ਵਰਤੀ ਗਈ ਦੂਜੀ ਉਦਾਹਰਣ ਵਿਚ ਕਈ ਸਦੀਆਂ ਤੋਂ **ਯਾਜਕ ਸੱਬਤ ਦੇ ਦਿਨ** ਜੋ ਕੁਝ ਕਰਦੇ ਹਨ ਉਸ ਤੇ ਉਸ ਦਾ ਧਿਆਨ ਸੀ। ਸੱਬਤ ਵਾਲਾ ਦਿਨ ਕੰਮ ਕਰਨ ਦੀ ਸ਼ਰ੍ਹਾ ਦੀ ਮਨਾਹੀ ਦੇ ਬਾਵਜੂਦ ਯਾਜਕ ਉਸੇ ਦਿਨ ਧੂਫ਼ ਬਾਲਦੇ, ਸ਼ਮਾਦਾਨ ਠੀਕ ਕਰਦੇ, ਪਵਿੱਤਰ ਕੀਤੀਆਂ ਹੋਈਆਂ ਰੋਟੀਆਂ ਨੂੰ ਬਦਲਣ ਅਤੇ ਦੋਹਰੀ ਕੁਰਬਾਨੀ ਚੜ੍ਹਾਉਣ ਸਣੇ ਕਈ ਕੰਮ ਕਰਦੇ ਸਨ (ਕੂਚ 30: 7, 8; ਲੇਵੀਆਂ ਦੀ ਪੋਥੀ 24: 5–8; ਗਿਣਤੀ 28: 9, 10)। ਫ਼ਰੀਸੀਆਂ ਵੱਲੋਂ ਇਨ੍ਹਾਂ ਨੂੰ ਸੱਬਤ ਦਾ ਉਲੰਘਣ ਨਹੀਂ ਮੰਨਿਆ ਜਾਂਦਾ ਸੀ, ਕਿਉਂਕਿ ਇਹ ਕੰਮ ਸ਼ਰ੍ਹਾ ਦੇ ਰਾਹੀਂ ਕੀਤੇ ਜਾਣੇ ਜ਼ਰੂਰੀ ਸਨ।[4] ਯਾਜਕ **ਹੈਕਲ** ਵਿਚ ਸੇਵਾ ਕਰਦੇ ਸਨ ਜਿਸ ਕਰਕੇ ਉਹ ਇਸ ਮਾਮਲੇ ਵਿਚ **ਨਿਰੋਦਸ਼** ਸਨ ਅਤੇ ਸੱਬਤ ਦਾ ਉਲੰਘਣ ਨਹੀਂ ਕਰ ਰਹੇ ਸਨ।

ਸੱਬਤ ਨੂੰ ਤੋੜਨ ਦੇ ਸ਼ਬਦ ਵਿਚ ''ਅਪਮਾਨ'' (*bebeloo*) ਦਾ ਬਿਹਤਰ ਅਨੁਵਾਦ ''ਅਪਵਿੱਤਰ ਕਰਨਾ'' ਹੈ (NIV)। ਯਿਸੂ ਆਖ ਰਿਹਾ ਸੀ ਕਿ ਯਾਜਕ ਦੇ ਫ਼ਰਜ਼ ਸੱਬਤ ਦੇ ਆਮ ਨਿਯਮਾਂ ਦਾ ਅਪਮਾਨ ਕਰਨ ਲਈ ਉਸ ਨੂੰ ਮਜਬੂਰ ਕਰਦੇ ਸਨ।

**ਆਇਤ 6.** ਫਿਰ ਯਿਸੂ ਨੇ ਐਲਾਨ ਕੀਤਾ, **''ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਐਥੇ ਹੈਕਲ ਨਾਲੋਂ ਵੀ ਇਕ ਵੱਡਾ ਹੈ।''** ਡਗਲਸ ਆਰ. ਏ. ਹੇਅਰ ਨੂੰ ਲੱਗਾ ਕਿ ਯਿਸੂ ਦੇ ਤਰਕ ਨੂੰ ਇਸ ਤਰ੍ਹਾਂ ਨਾਲ ਕਿਹਾ ਜਾ ਸਕਦਾ ਹੈ: ''ਜੇ ਹੈਕਲ ਨੂੰ ਸੱਬਤ ਨਾਲੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ ਤਾਂ ਜਿਹੜਾ ਹੈਕਲ ਨਾਲੋਂ ਵੱਡਾ ਹੈ ਉਹ ਸੱਬਤ ਨਾਲੋਂ ਹੋਰ ਕਿੰਨਾ ਵਧੀਕ ਹੋਵੇਗਾ।''[5] ਉਸ ਦੀ ਵਿਆਖਿਆ ''ਵੱਡਾ ਹੈ'' (*meizon;* ਇਕ ਅਲਿੰਗੀ ਵਿਸ਼ੇਸ਼ਣ) ਉਹ ਯਿਸੂ ਦੇ ਕਹਿਣ ਦਾ ਜੋ ਭਾਵ ਸੀ ਉਸ ਦੇ ਹਰ ਸਵਾਲਾਂ ਦਾ ਜਵਾਬ ਪੂਰੀ ਤਰ੍ਹਾਂ ਨਾਲ ਨਹੀਂ ਦਿੰਦੀ।

‘‘ਨਾਲੋਂ ਵੀ ਵੱਡਾ ਹੈ’’ ਦੇ ਯਿਸੂ ਦੇ ਤਰੀਕੇ ਨੂੰ 12:41, 42 ਵਿਚ ਦਿੱਤੇ ਗਏ ਤੱਥ ਨਾਲ ਹਮਾਇਤ ਮਿਲਦੀ ਹੈ ਜਿੱਥੇ ਇਕ ਵੱਖਰਾ ਅਲਿੰਗੀ ਵਿਸ਼ੇਸ਼ਣ ਵਰਤਿਆ ਗਿਆ ਹੈ ਕਿਉਂਕਿ ਉਸ ਵਿਚ ਇਕ ਫ਼ਰਕ ਕੀਤਾ ਗਿਆ ਹੈ ਜਿਸ ਵਿਚ ਪੁਰਾਣੇ ਨੇਮ ਦੇ ਲੋਕ ਵੀ ਹਨ (ਵੇਖੋ ਯੂਹੰਨਾ 4:12; 5:46; 8:53)। ਇਸ ਦੇ ਇਲਾਵਾ ਯਿਸੂ ਦੀ ਸ਼ਖ਼ਸੀਅਤ ਹੈਕਲ ਦੇ ਉਲਟ ਮੇਲ ਖਾਂਦੀ ਹੈ ਕਿਉਂ ਜੋ ਖ਼ੁਦਾ ਦੀ ਭਰਪੂਰੀ ਉਸ ਵਿਚ ਵਾਸ ਕਰਦੀ ਹੈ (ਕੁਲੁੱਸੀਆਂ 2:9; ਵੇਖੋ ਯੂਹੰਨਾ 2:18–22)।

‘‘ਵੱਡਾ ਹੈ’’ ਲਈ ਇਕ ਹੋਰ ਸੰਭਾਵਿਤ ਪਰਿਚੈ ਯਿਸੂ ਦਾ ਇਖ਼ਤਿਆਰ, ਉਸ ਦਾ ਸੰਦੇਸ਼ ਅਤੇ ਰਾਜ ਦਾ ਨਿੱਕਲਣਾ ਹੈ। ਜੇ. ਡਬਲਯੂ. ਮੈਕਗਰਵੇ ਦਾ ਮੰਨਣਾ ਸੀ ਕਿ ਚੇਲਿਆਂ ਦੀ ਸੇਵਾ ‘‘ਵੱਡਾ ਹੈ’’ ਹੀ ਸੀ।

> ਇਹ ਉਹ ਸੇਵਾ ਸੀ ਜਿਹੜੀ ਉਹ ਯਿਸੂ ਦੀ ਕਰ ਰਹੇ ਸਨ। ਅਜਿਹੀ ਸੇਵਾ ਜਿਹੜੀ ਕਈ ਵਾਰ ਖਾਣਾ ਦੁਆਉਣ ਦੇ ਆਮ ਸਾਧਨਾਂ ਨੂੰ ਰੋਕ ਦਿੰਦੀ ਹੈ। ਉਸ ਦੀ ਸੇਵਾ ਕਰਨ ਦਾ ਜਿਹੜਾ ਹੈਕਲ ਨਾਲੋਂ ਵੀ ਵੱਡਾ ਹੈ ਉਸ ਦਾ ਫ਼ਰਜ਼, ਯਾਜਕਾਂ ਦੇ ਹੈਕਲ ਦੀ ਸੇਵਾ ਕਰਨ ਨਾਲੋਂ ਵੀ ਵੱਡਾ ਹੈ। ਤਾਂ ਫਿਰ ਜੇ ਯਾਜਕ ਸਹੀ ਸਨ ਤਾਂ ਚੇਲੇ ਉਸ ਨਾਲੋਂ ਵੀ ਵੱਧ ਸਨ [ਜਿਹੜਾ ਉਨ੍ਹਾਂ ਨੇ ਕੀਤਾ, ਉਸ ਵਿਚ]।[6]

**ਆਇਤ 7.** ਇਕ ਵਾਰ ਫੇਰ ਯਿਸੂ ਨੇ ਰਹਿਤ ਵਿਖਾਉਣ ਦੇ ਮਹੱਤਵ ਨੂੰ ਸਮਝਾਉਣ ਲਈ ਹੋਸ਼ੇਆ ਨਬੀ ਦੀ ਗੱਲ ਦੁਹਰਾਈ: **‘‘ਮੈਂ ਬਲੀਦਾਨ ਨੂੰ ਨਹੀਂ ਸਗੋਂ ਦਯਾ ਨੂੰ ਚਾਹੁੰਦਾ ਹਾਂ’’** (ਹੋਸ਼ੇਆ 6:6; 9:13 ਤੇ ਟਿੱਪਣੀਆਂ ਵੇਖੋ)। ਸੱਬਤ ਵਾਲੇ ਦਿਨ ਬਲੀਦਾਨ ਭੇਂਟ ਕਰਨਾ ਸ਼ਰ੍ਹਾ ਦੇ ਅਧੀਨ ਯਾਜਕਾਂ ਵੱਲੋਂ ਕੀਤਾ ਜਾਣ ਵਾਲਾ ਕੰਮ ਹੈ, ਪਰ ਇਨਸਾਨੀ ਰਹਿਮ ਦੀ ਗਰਮਾਇਸ਼ ਨੂੰ ਵਿਖਾਉਣਾ ਉਨ੍ਹਾਂ ਦੇ ਫ਼ਰਜ਼ ਨਾਲੋਂ ਕਿਤੇ ਅਹਿਮ ਹੈ। ਜੇ ਫ਼ਰੀਸੀਆਂ ਨੂੰ ਹੋਸ਼ੇਆ ਦੇ ਸ਼ਬਦਾਂ ਦੀ ਸਮਝ ਹੁੰਦੀ ਤਾਂ ਉਹ ਪ੍ਰਭੂ ਦੇ ਚੇਲਿਆਂ ਨੂੰ ਜੋ ਕਿ ਨਿਰੋਦਸ਼ ਸਨ, **ਦੋਸ਼ੀ ਨਾ ਠਹਿਰਾਉਂਦੇ**। ਇਸ ਦੇ ਉਲਟ ਉਹ ਉਨ੍ਹਾਂ ਤੇ ਦਯਾ ਕਰਦੇ।

**ਆਇਤ 8.** ਆਪਣੇ ਚੇਲਿਆਂ ਦੇ ਕੰਮਾਂ ਲਈ ਯਿਸੂ ਦਾ ਬਚਾਅ ਅਖ਼ੀਰ ਵਿਚ ਇਹ ਸੀ ਕਿ ਉਹ **ਸੱਬਤ ਦੇ ਦਿਨ ਦਾ ਮਾਲਕ ਹੈ**। ਇਸ ਦਾਅਵੇ ਨਾਲ ਯਿਸੂ ਆਪਣੇ ਖ਼ੁਦਾਈ ਇਖ਼ਤਿਆਰ ਦਾ ਦਾਅਵਾ ਕਰ ਰਿਹਾ ਸੀ। ਉਸ ਦੀ ਖ਼ੁਦਾਈ ਨੇ ਉਸ ਨੂੰ ਸੱਬਤ ਦੇ ਨਿਯਮ ਦੀ ਵਿਆਖਿਆ ਕਰਨ ਦਾ (ਫ਼ਰੀਸੀਆਂ ਦੇ ਉਲਟ) ਅਤੇ ਇੱਛਾ ਹੋਣ ਤੇ ਇਸ ਨੂੰ ਅੱਡ ਕਰਨ ਦਾ ਵੀ ਇਖ਼ਤਿਆਰ ਦਿੱਤਾ। ਯਿਸੂ ਦੇ ਪਿਛਲੇ ਕੰਮਾਂ ਤੋਂ ਪਹਿਲਾਂ ਹੀ ਇਹ ਸਮਝਾ ਦਿੱਤਾ ਗਿਆ ਸੀ ਕਿ ਉਹ ਸੱਬਤ ਦੇ ਦਿਨ ਦਾ ਪ੍ਰਭੂ ਹੈ ਅਤੇ ਉਹ ਸੱਬਤ ਬਾਰੇ ਨਿਆਂ ਅਤੇ ਉਸ ਦੇ ਸਹੀ ਢੰਗ ਨਾਲ ਮੰਨੇ ਜਾਣ ਨੂੰ ਠਹਿਰਾ ਸਕਦਾ ਹੈ।[7]

ਯਿਸੂ ਨੇ ਸੱਬਤ ਵਾਲੇ ਦਿਨ ਲਗਾਤਾਰ ਸਮਾਜ ਮੰਦਿਰ ਜਾਂ ਸਿਨਾਗੋਗ ਵਿਚ ਜਾਂਦਿਆਂ ਰਹਿ ਕੇ ਇਸ ਦਿਨ ਦਾ ਆਦਰ ਕੀਤਾ (ਲੂਕਾ 4:16–27)। ਇਸ ਉੱਤੇ ਇਸ ਦਾ ਅਪਮਾਨ ਕਰਨ ਦਾ ਇਲਜ਼ਾਮ ਸਿਰਫ਼ ਸੱਬਤ ਵਾਲੇ ਦਿਨ ਦੂਜਿਆਂ ਉੱਤੇ ਕੀਤੀ ਗਈ ਦਯਾ ਦੇ ਉਸ ਦੇ ਕੰਮਾਂ ਵਿਚ ਹੀ ਲਾਇਆ ਜਾ ਸਕਦਾ ਸੀ (12:9–14; ਲੂਕਾ 13:10–17; 14:1–6; ਯੂਹੰਨਾ 5:1–9; 7:23; 9:1–7, 14)। ਪ੍ਰਭੂ ਦੇ ਚੇਲੇ ਮਨੁੱਖਾਂ ਦੀਆਂ ਬਣਾਈਆਂ ਰੀਤਾਂ ਦੇ ਉੱਤੇ ਉਸ ਨੂੰ ਰੱਖਣ ਲਈ ਆਪਣੇ ਸਮਰਪਣ ਅਤੇ ਸੇਵਾ ਵਿਚ ਸਹੀ ਸਨ। ਇਸ ਦੇ ਉਲਟ ਫ਼ਰੀਸੀ ਚੇਲਿਆਂ ਦੀ ਅਲੋਚਨਾ ਗਲਤ ਕਰ ਰਹੇ ਸਨ। ਅਜਿਹਾ ਕਰਕੇ ਉਨ੍ਹਾਂ ਨੇ ਸੱਬਤ ਦੇ ਮਾਲਕ ਦਾ ਅਪਮਾਨ ਕੀਤਾ।

## ਚੰਗਿਆਈ ਨਾਲ ਅਪਵਿੱਤਰ ਕਰਨਾ? (12:9-14)

**[9]ਤਾਂ ਉੱਥੋਂ ਤੁਰ ਕੇ ਉਹ ਉਨ੍ਹਾਂ ਦੀ ਸਮਾਜ ਵਿਚ ਗਿਆ। [10]ਅਤੇ ਵੇਖੋ ਇਕ ਮਨੁੱਖ ਸੀ ਜਿਹ ਦਾ**

**ਹੱਥ ਸੁੱਕਾ ਹੋਇਆ ਸੀ ਅਰ ਉਨ੍ਹਾਂ ਨੇ ਉਹ ਦੇ ਜੁੰਮੇ ਦੋਸ਼ ਲਾਉਣ ਲਈ ਇਹ ਕਹਿ ਕੇ ਉਸ ਨੂੰ ਪੁੱਛਿਆ, ਭਲਾ, ਸੱਬਤ ਦੇ ਦਿਨ ਚੰਗਾ ਕਰਨ ਜੋਗ ਹੈ? [11]ਉਹ ਨੇ ਉਨ੍ਹਾਂ ਨੂੰ ਕਿਹਾ ਭਈ ਤੁਹਾਡੇ ਵਿੱਚੋਂ ਇਹੋ ਜਿਹਾ ਕਿਹੜਾ ਮਨੁੱਖ ਹੈ ਜਿਹ ਦੇ ਕੋਲ ਇਕ ਭੇਡ ਹੋਵੇ ਅਤੇ ਜੇ ਉਹ ਸੱਬਤ ਦੇ ਦਿਨ ਟੋਏ ਵਿਚ ਡਿੱਗ ਪਵੇ ਤਾਂ ਉਹ ਉਸ ਨੂੰ ਫੜ ਕੇ ਨਾ ਕੱਢੇ? [12]ਸੋ ਮਨੁੱਖ ਭੇਡ ਨਾਲੋਂ ਕਿੰਨਾ ਹੀ ਉੱਤਮ ਹੈ! ਇਸ ਲਈ ਸੱਬਤ ਦੇ ਦਿਨ ਭਲਾ ਕਰਨਾ ਯੋਗ ਹੈ। [13]ਤਦ ਉਹ ਨੇ ਉਸ ਮਨੁੱਖ ਨੂੰ ਆਖਿਆ, ਆਪਣਾ ਹੱਥ ਲੰਮਾ ਕਰ ਅਤੇ ਉਸ ਨੇ ਲੰਮਾ ਕੀਤਾ ਤਾਂ ਉਹ ਦੂਏ ਵਰਗਾ ਫੇਰ ਚੰਗਾ ਹੋ ਗਿਆ। [14]ਤਦ ਫ਼ਰੀਸੀਆਂ ਨੇ ਬਾਹਰ ਜਾ ਕੇ ਉਹ ਦੇ ਵਿਰੁੱਧ ਮਤਾ ਕੀਤਾ ਜੋ ਕਿਸ ਤਰ੍ਹਾਂ ਉਹ ਦਾ ਨਾਸ ਕਰੀਏ।**

**ਆਇਤ 9. ਉੱਥੋਂ ਤੁਰ ਕੇ** (ਵੇਖੋ 11:1; 13:53; 15:29; 19:1) ਦ੍ਰਿਸ਼ ਨੂੰ **ਉਨ੍ਹਾਂ ਦੀ ਸਮਾਜ** (ਸਿਨਾਗੋਗ) ਦੇ ਦ੍ਰਿਸ਼ ਨਾਲ ਖੇਤ ਦੇ ਦ੍ਰਿਸ਼ ਨੂੰ ਜੋੜ ਦਿੰਦਾ ਹੈ। ਸੱਬਤ ਦਾ ਦਿਨ ਮੂਲ ਵਿਚ ਲੋਕਾਂ ਦੇ ਅਰਾਮ ਲਈ ਸੀ ਪਰ ਇਹ ਇਕ ਪਵਿੱਤਰ ਦਿਨ ਬਣ ਗਿਆ ਸੀ ਜਿਸ ਦਿਨ ਯਹੂਦੀ ਲੋਕ ਸਿਨਾਗੋਗ ਵਿਚ ਦੁਆ ਅਤੇ ਤੁਰੇਤ ਦਾ ਮੁਤਾਲਿਆ ਕਰਨ ਲਈ ਜਮ੍ਹਾਂ ਹੁੰਦੇ ਸਨ। ਪੜਨਾਓਂ ''ਉਨ੍ਹਾਂ ਦੀ ਸਮਾਜ'' ਵਿਚ ਸੁਧਾਰ ਕਰਦਿਆਂ ਯਿਸੂ ਅਤੇ ਯਹੂਦੀ ਸ਼ਰ੍ਹਾ ਵਿਚ ਅਤੇ ਮੱਤੀ ਦੇ ਸਮੇਂ ਦੀ ਕਲੀਸੀਆ ਅਤੇ ਯਹੂਦੀ ਧਰਮ ਵਿਚ ਤਰਕ ਨੂੰ ਵਿਖਾ ਸਕਦਾ ਹੈ। ਇਕ ਹੋਰ ਸੰਭਾਵਨਾ ਇਹ ਹੈ ਕਿ ਇਸ ਨਾਲ ਸਿਰਫ਼ ਯਿਸੂ ਅਤੇ ਉਸ ਦੇ ਚੇਲਿਆਂ ਨੂੰ ਸਥਾਨਕ ਸਮਾਜ ਨਾਲੋਂ ਅੱਡ ਕੀਤਾ ਗਿਆ (ਵੇਖੋ 4:23; 9:35; 10:17; 13:54)।

**ਆਇਤ 10.** ਜਦ ਯਿਸੂ ਸਿਨਾਗੋਗ ਜਾਂ ਸਮਾਜ ਮੰਦਿਰ ਵਿਚ ਗਿਆ ਤਾਂ ਉਹ ਕਫ਼ਰਨਾਹੂਮ ਵਿਚ ਹੀ ਹੋਵੇਗਾ। ਤਾਂ ਉਸ ਨੂੰ ਉਸ ਸਚਿਆਈ ਨੂੰ ਜਿਹੜੀ ਉਸ ਨੇ ਸੱਬਤ ਬਾਰੇ ਹੁਣੇ ਹੁਣੇ ਦੱਸੀ ਸੀ, ਸਮਝਾਉਣ ਦਾ ਬਿਲਕੁਲ ਸਹੀ ਮੌਕਾ ਮਿਲ ਗਿਆ। **ਇਕ ਮਨੁੱਖ ਸੀ ਜਿਹ ਦਾ ਹੱਥ ਸੁੱਕਾ ਹੋਇਆ ਸੀ।** ''ਸੁੱਕਾ ਹੋਇਆ'' ਲਈ ਸ਼ਬਦ (*xeros*) ਦਾ ਅਨੁਵਾਦ ''ਲਕਵਾ ਮਾਰਿਆ'' ਵੀ ਹੋ ਸਕਦਾ ਹੈ। ਯਿਸੂ ਦੇ ਵਿਰੋਧੀਆਂ ਨੇ ਉਸ ਤੋਂ ਪੁੱਛਿਆ, **''ਭਲਾ, ਸੱਬਤ ਦੇ ਦਿਨ ਚੰਗਾ ਕਰਨਾ ਜੋਗ ਹੈ?''** ਇਹ ਸਵਾਲ ਕਰਕੇ ਉਹ ਉਸ ਤੋਂ ਜਾਣਕਾਰੀ ਨਹੀਂ ਮੰਗ ਰਹੇ ਸਨ, ਬਲਕਿ ਉਹ **ਉਹ ਦੇ ਜੁੰਮੇ ਦੋਸ਼** ਲਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਆਇਤ 14 ਯਿਸੂ ਦੇ ਵਿਰੋਧੀਆਂ ਨੂੰ ਫ਼ਰੀਸੀਆਂ ਦੇ ਰੂਪ ਵਿਚ ਵਿਖਾਉਂਦੀ ਹੈ।

ਮਰਕੁਸ ਦੇ ਵਿਰਤਾਂਤ ਵਿਚ ਯਿਸੂ ਨੇ ਸੁੱਕੇ ਹੱਥ ਵਾਲੇ ਬੰਦੇ ਨੂੰ ''ਵਿਚਾਲੇ ਖੜਾ'' ਹੋਣ ਦਾ ਹੁਕਮ ਦਿੱਤਾ (ਮਰਕੁਸ 3:3)। ਸ਼ਾਇਦ ਉਸ ਨੇ ਅਜਿਹਾ ਉੱਥੇ ਮੌਜੂਦ ਲੋਕਾਂ ਨੂੰ ਉਸ ਆਦਮੀ ਦੇ ਹੱਥ ਦੀ ਬੁਰੀ ਹਾਲਤ ਵਿਖਾਉਣ ਲਈ ਕੀਤਾ। ਫਿਰ ਉਸ ਨੇ ਆਪਣੀ ਆਲੋਚਨਾ ਕਰਨ ਵਾਲਿਆਂ ਤੋਂ ਪੁੱਛਿਆ, ''ਸੱਬਤ ਦੇ ਦਿਨ ਭਲਾ ਕਰਨਾ ਯੋਗ ਹੈ ਜਾਂ ਬੁਰਾ ਕਰਨਾ? ਜਾਨ ਬਚਾਉਣਾ ਜਾਂ ਜਾਨ ਮਾਰਨੀ?'' (ਮਰਕੁਸ 3:4)। ਪਰ ਕਿਸੇ ਨੇ ਉਸ ਨੂੰ ਜਵਾਬ ਨਾ ਦਿੱਤਾ।

**ਆਇਤ 11.** ਉਸ ਸਵਾਲ ਦਾ ਜਵਾਬ ਦੇਣ ਲਈ ਜਿਹੜਾ ਉਸ ਨੇ ਆਪੇ ਹੀ ਕੀਤਾ ਸੀ, ਯਿਸੂ ਨੇ ਉਨ੍ਹਾਂ ਨੂੰ ਇਕ ਉਦਾਹਰਣ ਦਿੱਤੀ। ਉਸ ਨੇ ਇਕ **ਮਨੁੱਖ** ਦੀ ਗੱਲ ਦੱਸੀ ਜਿਹਦੇ ਕੋਲ **ਇਕ ਭੇਡ** ਹੋਵੇ ਜਿਹੜੀ **ਸੱਬਤ ਦੇ ਦਿਨ ਟੋਏ ਵਿਚ ਡਿੱਗ** ਗਈ। ਅਜਿਹੇ ਹੀ ਇਕ ਮੌਕੇ ਯਿਸੂ ਨੇ ਪੁੱਛਿਆ, ''ਤੁਹਾਡੇ ਵਿੱਚੋਂ ਕੌਣ ਹੈ ਜੋ ਉਹਦਾ ਗਧਾ ਜਾਂ ਬੈਲ ਟੋਏ ਵਿਚ ਡਿੱਗ ਪਵੇ ਤੇ ਉਹ ਝੱਟ ਸੱਬਤ ਦੇ ਦਿਨ ਉਹਨੂੰ ਨਾ ਕੱਢੇ?'' (ਲੂਕਾ 14:5)। ਖ਼ਾਸ ਹਾਲਾਤ ਵਿਚ ਫ਼ਰੀਸੀ ਸੱਬਤ ਵਾਲੇ ਦਿਨ ਇਸ ਤਰ੍ਹਾਂ ਕਿਸੇ ਜਾਨਵਰ ਨੂੰ ਬਚਾਉਣ ਦੀ ਇਜਾਜ਼ਤ ਦੇ ਦਿੰਦੇ ਸਨ।[8]

**ਆਇਤ 12.** ਯਿਸੂ ਨੇ ਆਪਣੀ ਗੱਲ ਸਾਫ਼ ਕਰ ਦਿੱਤੀ: **''ਸੋ ਮਨੁੱਖ ਭੇਡ ਨਾਲੋਂ ਕਿੰਨਾ ਹੀ ਉੱਤਮ ਹੈ!''** (ਵੇਖੋ 6:26; 10:31; ਲੂਕਾ 15:3–7)। ਪਰਮੇਸ਼ੁਰ ਨੇ ਮਨੁੱਖ ਨੂੰ ਆਪਣੇ ਸਰੂਪ

ਤੇ ਬਣਾਇਆ ਅਤੇ ਸਾਰੀ ਸਰਿਸ਼ਟੀ ਦੇ ਉੱਤੇ ਇਖ਼ਤਿਆਰ ਦਿੱਤਾ (ਉਤਪਤ 1:27, 28)। ਮਨੁੱਖ ਪਰਮੇਸ਼ੁਰ ਦੀ ਸਰਿਸ਼ਟੀ ਦਾ ਸ਼ਿਰੋਮਣੀ ਭਾਵ ਤਾਜ ਹੈ (ਜ਼ਬੂਰ 8:3–8)।

ਸੱਬਤ ਦੇ ਸਬੰਧ ਵਿਚ ਯਹੂਦੀ ਨਿਯਮ ਭਾਵੇਂ ਬਹੁਤ ਸਖ਼ਤ ਸਨ ਪਰ ਉਸ ਦਿਨ ਉਨ੍ਹਾਂ ਵਿਚ ਦਯਾ ਦੇ ਕੁਝ ਕੰਮਾਂ ਨੂੰ ਕਰਨ ਦੀ ਇਜਾਜ਼ਤ ਦੱਸੀ। ਜੇ ਕਿਸੇ ਦੀ ਜਾਨ ਖ਼ਤਰੇ ਵਿਚ ਹੋਵੇ, ਤਾਂ ਉਸ ਨੂੰ ਬਚਾਉਣ ਲਈ ਡਾਕਟਰੀ ਮਦਦ ਦਿੱਤੀ ਜਾ ਸਕਦੀ ਸੀ।[9] ਜੇ ਕੋਈ ਔਰਤ ਬੱਚੇ ਨੂੰ ਜਨਮ ਦੇ ਰਹੀ ਹੋਵੇ ਤਾਂ ਬੱਚੇ ਨੂੰ ਜਨਮ ਦੁਆਉਣ ਲਈ ਦਾਈ ਨੂੰ ਸੱਦਿਆ ਜਾ ਸਕਦਾ ਸੀ।[10] ਪਰ ਜੇ ਕਿਸੇ ਦੀ ਹਾਲਤ ਜਾਨਲੇਵਾ ਨਾ ਹੋਵੇ ਤਾਂ ਅਸਾਧਾਰਣ ਤਰੀਕੇ ਨਹੀਂ ਅਪਣਾਏ ਜਾਂਦੇ ਸਨ।[11] ਇਸ ਨਿਯਮ ਦਾ ਇਕ ਅਪਵਾਦ ਅਠਵੇਂ ਦਿਨ ਸੁੰਨਤ ਦਾ ਹੋਣਾ ਸੀ। ਇਹ ਪਵਿੱਤਰ ਸੰਸਕਾਰ ਸੱਬਤ ਦੀਆਂ ਪਾਬੰਦੀਆਂ ਵਿਚ ਨਹੀਂ ਆਉਂਦਾ ਸੀ (ਯੂਹੰਨਾ 7:22, 23)।[12]

ਯਿਸੂ ਦੇ ਸਾਹਮਣੇ ਆਏ ਮਾਮਲੇ ਭਾਵ ਸੁੱਕੇ ਹੱਥ ਵਾਲੇ ਆਦਮੀ ਦੀ ਹਾਲਤ ਜਾਨਲੇਵਾ ਨਹੀਂ ਸੀ। ਯਹੂਦੀ ਆਗੂਆਂ ਨੂੰ ਲੱਗਾ ਕਿ ਯਿਸੂ ਨੂੰ ਅਜਿਹੇ ਲੋਕਾਂ ਨੂੰ ਹਫ਼ਤੇ ਦੇ ਛੇ ਦਿਨਾਂ ਦੌਰਾਨ ਚੰਗਿਆਈ ਦੇਣੀ ਚਾਹੀਦੀ ਹੈ ਨਾ ਕਿ ਸੱਬਤ ਵਾਲੇ ਦਿਨ (ਲੂਕਾ 13:14)। ਯਿਸੂ ਨੇ ਸਮਝਾਇਆ ਕਿ ਤੁਰੇਤ **ਸੱਬਤ ਦੇ ਦਿਨ ਭਲਾ** ਕਰਨ ਦੀ ਇਜਾਜ਼ਤ ਦਿੰਦੀ ਹੈ। ਬੇਸ਼ੱਕ ਤੁਰੇਤ ਜਾਂ ਸ਼ਰ੍ਹਾ ਬੁਰਾਈ ਕਰਨ ਦੀ ਮਨਾਹੀ ਕਰਦੀ ਹੈ। ਯਿਸੂ ਦੇ ਨਜ਼ਰੀਏ ਤੋਂ ਇਸ ਆਦਮੀ ਨੂੰ ਉਸ ਦੀ ਤਰਸਯੋਗ ਹਾਲਤ ਵਿਚ ਰਹਿਣ ਦੇਣਾ, ਜਦਕਿ ਉਹਦੇ ਲਈ ਕੁਝ ਕੀਤਾ ਜਾ ਸਕਦਾ ਸੀ, ਬੁਰਿਆਈ ਕਰਨਾ ਹੀ ਹੋਣਾ ਸੀ। ਯਿਸੂ ਦੇ ਭਲਿਆਈ ਕਰਨ ਦੇ ਉਲਟ ਫ਼ਰੀਸੀਆਂ ਨੇ ਉਸ ਨੂੰ ਮਾਰ ਸੁੱਟਣ ਦੀ ਸਾਜ਼ਿਸ਼ ਰਚ ਕੇ ਸੱਬਤ ਵਾਲੇ ਦਿਨ ਬੁਰਿਆਈ ਕੀਤੀ (12:14)।

**ਆਇਤ 13.** ਮਰਕੁਸ ਨੇ ਜੋੜਿਆ ਹੈ ਕਿ ਜਦ ਫ਼ਰੀਸੀਆਂ ਨੇ ਉਸ ਦੀ ਗੱਲ ਦਾ ਜਵਾਬ ਨਾ ਦਿੱਤਾ ਤਾਂ ਯਿਸੂ ‘‘ਉਨ੍ਹਾਂ ਦੀ ਸਖ਼ਤ–ਦਿਲੀ ਦੇ ਕਾਰਣ ਉਦਾਸ’’ ਹੋਇਆ (ਮਰਕੁਸ 3:5)। ਉਨ੍ਹਾਂ ਨਤੀਜਿਆਂ ਦੇ ਬਾਵਜੂਦ ਜੋ ਉਹਨੂੰ ਪਤਾ ਸੀ ਕਿ ਨਿੱਕਲਣ ਵਾਲੇ ਹਨ, ਯਿਸੂ ਨੇ ਸੁੱਕੇ ਹੱਥ ਵਾਲੇ **ਮਨੁੱਖ** ਨੂੰ ਆਖਿਆ, **‘‘ਆਪਣਾ ਹੱਥ ਲੰਮਾ ਕਰ।’’** ਉਹਦੀ ਗੱਲ ਮੰਨਣ ਸਾਰ ਹੀ ਉਹਦਾ ਹੱਥ **ਦੂਏ ਵਰਗਾ ਫੇਰ ਚੰਗਾ ਹੋ ਗਿਆ।** ਯਿਸੂ ਨੇ ਸਿਰਫ਼ ਬੋਲ ਕੇ ਉਸ ਨੂੰ ਚੰਗਿਆਈ ਦੇ ਦਿੱਤੀ। ਜ਼ਾਹਿਰ ਹੈ ਕਿ ਉਸ ਨੇ ਉਸ ਉੱਤੇ ਆਪਣੇ ਹੱਥ ਵੀ ਨਹੀਂ ਰੱਖੇ।

**ਆਇਤ 14. ਫ਼ਰੀਸੀਆਂ** ਨੇ ਝੱਟ ਸਿਨਾਗੋਗ ਵਿਚ ਜਾ ਕੇ ਹੇਰੋਦੀਆਂ ਨਾਲ **ਮਤਾ ਕੀਤਾ** (ਮਰਕੁਸ 3:6) ਕਿ **ਕਿਸ ਤਰ੍ਹਾਂ ਉਹਦਾ ਨਾਸ ਕਰੀਏ।** ਇਹ ਦੋਵੇਂ ਧੜੇ ਆਮ ਤੌਰ ਤੇ ਇਕ ਦੂਜੇ ਦੇ ਖ਼ਿਲਾਫ਼ ਰਹਿੰਦੇ ਸਨ। ਹੇਰੋਦੀ ਲੋਕ ਰੋਮੀ ਕਬਜ਼ੇ ਦੇ ਨਾਲ ਨਾਲ ਹੇਰੋਦੇਸ ਦੀ ਹਕੂਮਤ ਦੀ ਵੀ ਹਮਾਇਤ ਕਰਦੇ ਸਨ। ਫ਼ਰੀਸੀ ਲੋਕ ਜ਼ੋਰਦਾਰ ਢੰਗ ਨਾਲ ਦੋਹਾਂ ਦੇ ਵਿਰੋਧੀ ਸਨ। ਆਮ ਤੌਰ ਤੇ ਫ਼ਰੀਸੀਆਂ ਅਤੇ ਹੇਰੋਦੀਆਂ ਦਾ ਇਕ ਦੂਜੇ ਨਾਲ ਕੋਈ ਲੈਣ ਦੇਣ ਨਹੀਂ ਹੁੰਦਾ ਸੀ ਪਰ ਨਫ਼ਰਤ ਤੋਂ ਪ੍ਰੇਰਣਾ ਪਾ ਕੇ ਦੋਵੇਂ ਧੜੇ ਯਿਸੂ ਨੂੰ ਨਾਸ ਕਰਨ ਦੀ ਸਾਜ਼ਿਸ਼ ਵਿਚ ਇਕੱਠੇ ਹੋ ਗਏ।

ਤੁਰੇਤ ਵਿਚ ਸੱਬਤ ਨੂੰ ਸਾਫ਼ ਤੌਰ ਤੇ ਤੋੜਨ ਲਈ ਠਹਿਰਾਈ ਗਈ ਸਜ਼ਾ ਮੌਤ ਦੀ ਸਜ਼ਾ ਸੀ (ਕੂਚ 31:14; 35:2; ਗਿਣਤੀ 15:35)। ਫ਼ਰੀਸੀ ਚਾਹੁੰਦੇ ਸਨ ਕਿ ਯਿਸੂ ਸ਼ਰ੍ਹਾ ਨੂੰ ਜਾਂ ਤੁਰੇਤ ਨੂੰ ਤੋੜੇ ਤਾਂ ਜੋ ਉਸ ਨੂੰ ਮੌਤ ਦੇ ਸਕਣ। ਪਰ ਯਿਸੂ ਨੇ ਸੱਬਤ ਦੇ ਨਿਯਮ ਨੂੰ ਨਹੀਂ ਬਲਕਿ ਸਿਰਫ਼ ਇਸ ਦੇ ਸਬੰਧ ਵਿਚ ਬਣਾਈਆਂ ਗਈਆਂ ਫ਼ਰੀਸੀਆਂ ਦੀਆਂ ਰੀਤਾਂ ਨੂੰ ਤੋੜਿਆ। ਫੇਰ ਯਹੂਦੀ ਲੋਕ ਰੋਮੀ ਹਕੂਮਤ ਦੇ ਅਧੀਨ ਸਨ, ਜਿਸ ਕਰਕੇ ਮੌਤ ਦੀ ਸਜ਼ਾ ਦੇਣ ਦੇ ਉਨ੍ਹਾਂ ਦੇ ਹੱਕ ਸੀਮਤ ਸਨ (ਵੇਖੋ ਯੂਹੰਨਾ 18:31)। ਦੁਸ਼ਮਣਾਂ ਨਾਲ ਇਸ ਮੇਲ ਤੋਂ ਦੱਸਿਆ ਜਾ ਸਕਦਾ ਹੈ ਕਿ ਹੇਰੋਦੀਆਂ ਨੇ ਫ਼ਰੀਸੀਆਂ ਨਾਲ ਮਤਾ ਕਿਉਂ ਪਕਾਇਆ। ਉਨ੍ਹਾਂ ਦੇ ਕੰਮਾਂ ਨੇ ਉਨ੍ਹਾਂ ਨੂੰ ਗਲੀਲ ਦੇ ਚੌਥੇ ਹਿੱਸੇ ਤੇ ਰੋਮੀ ਹਾਕਮ ਹੇਰੋਦੇਸ ਅੰਤੀਪਾਸ ਦੇ ਇਕ ਕਦਮ ਨੇੜੇ ਕਰ ਦਿੱਤਾ। ਉਸ ਨੂੰ ਯਿਸੂ ਨੂੰ ਮੌਤ ਦੀ ਸਜ਼ਾ ਦੇਣ ਦਾ ਇਖ਼ਤਿਆਰ

ਸੀ (ਲੂਕਾ 13:31; 23:6–16), ਬਿਲਕੁਲ ਉਵੇਂ ਹੀ ਜਿਵੇਂ ਉਸ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਮੌਤ ਦਿੱਤੀ ਸੀ (14:1–12)।

~~~ **ਸਬਕ** ~~~

## "ਸੱਬਤ ਦੇ ਦਿਨ ਨੂੰ ਚੇਤੇ ਰੱਖਣਾ" (12:1-14)

ਸੱਬਤ ਦੇ ਦਿਨ ਨੂੰ ਮੰਨਣਾ ਪੁਰਾਣੇ ਨੇਮ ਦੀ ਸ਼ਰ੍ਹਾ ਦਾ ਭਾਗ ਸੀ ਜਿਸ ਨੂੰ ਮਿਟਾ ਦਿੱਤਾ ਗਿਆ (ਅਫ਼ਸੀਆਂ 2:13–16; ਕੁਲੁੱਸੀਆਂ 2:14)। ਮਸੀਹੀ ਲੋਕ ਸੱਬਤ ਦੇ ਨਿਯਮਾਂ ਨੂੰ ਮੰਨਣ ਸਮੇਂ ਸ਼ਰ੍ਹਾ ਦੀ ਕਿਸੇ ਵੀ ਗੱਲ ਨੂੰ ਮੰਨਣ ਲਈ ਮਜਬੂਰ ਨਹੀਂ ਹਨ। ਚੌਥਾ ਹੁਕਮ ਉਨ੍ਹਾਂ ਦਸ ਹੁਕਮਾਂ ਵਿੱਚੋਂ ਸਿਰਫ਼ ਇਕ ਸੀ ਜਿਹੜਾ ਮਸੀਹ ਦੀ ਸ਼ਰ੍ਹਾ ਵਿਚ ਨਹੀਂ ਪਾਇਆ ਗਿਆ (ਕੂਚ 20:8)। ਕੁਝ ਲੋਕ ਐਤਵਾਰ ਨੂੰ ਹੀ ਮਸੀਹੀ ਸੱਬਤ ਆਖ ਦਿੰਦੇ ਹਨ, ਜਦਕਿ ਅਜਿਹਾ ਬਿਲਕੁਲ ਨਹੀਂ ਹੈ। ਸੱਬਤ ਦਾ ਦਿਨ ਹਫ਼ਤੇ ਦਾ ਸਤਵਾਂ ਦਿਨ ਭਾਵ ਸਨਿੱਚਰਵਾਰ ਹੀ ਹੈ (ਕੂਚ 20:8–11)। ਮਸੀਹੀ ਲੋਕਾਂ ਲਈ ਬੰਦਗੀ ਦਾ ਦਿਨ ਐਤਵਾਰ, ਭਾਵ ਹਫ਼ਤੇ ਦਾ ਪਹਿਲਾ ਦਿਨ ਹੀ ਹੈ (ਰਸੂਲਾਂ ਦੇ ਕੰਮ 20:7; 1 ਕੁਰਿੰਥੀਆਂ 16:2), ਜਿਸ ਨੂੰ ਪ੍ਰਭੂ ਦਾ ਦਿਨ ਆਖਿਆ ਗਿਆ ਹੈ (ਪ੍ਰਕਾਸ਼ ਦੀ ਪੋਥੀ 1:10)। ਆਰੰਭਿਕ ਮਸੀਹੀ ਲੋਕਾਂ ਦੀਆਂ ਬੰਦਗੀ ਦੀਆਂ ਖ਼ਾਸ ਗਤੀਵਿਧੀਆਂ ਦੇ ਨਾਲ ਨਾਲ ਖ਼ਾਸ ਦਿਨ ਅਤੇ ਸਮੇਂ ਦੀ ਤਸਦੀਕ ਇਤਿਹਾਸਿਕ ਲਿਖਤਾਂ ਤੋਂ ਹੁੰਦੀ ਹੈ।[13]

ਮਸੀਹੀ ਲੋਕਾਂ ਲਈ ਹਫ਼ਤੇ ਦਾ ਪਹਿਲਾ ਦਿਨ ਬੰਦਗੀ ਦਾ ਦਿਨ ਇਸ ਕਰਕੇ ਬਣ ਗਿਆ ਕਿਉਂਕਿ ਇਹੀ ਉਹ ਦਿਨ ਸੀ ਜਦ ਯਿਸੂ ਕਬਰ ਵਿੱਚੋਂ ਜੀ ਉੱਠਿਆ ਸੀ (28:1–6; ਲੂਕਾ 24:1–6; ਯੂਹੰਨਾ 20:1–9)। ਜਿੱਥੋਂ ਤਕ ਸਾਨੂੰ ਪਤਾ ਹੈ, ਯਿਸੂ ਦੇ ਜੀ ਉੱਠਣ ਦੇ ਬਾਅਦ ਦੇ ਹਰ ਦਰਸ਼ਣ ਵਿਚ ਕਿਸੇ ਖ਼ਾਸ ਦਿਨ ਨਾਲ ਜੁੜੀਆਂ ਗੱਲਾਂ ਹਫ਼ਤੇ ਦੇ ਪਹਿਲੇ ਦਿਨ ਹੀ ਹੁੰਦੀਆਂ ਹਨ। ਐਤਵਾਰ ਵਾਲਾ ਦਿਨ ਉਹ ਦਿਨ ਹੈ ਜਦ ਮਸੀਹੀ ਲੋਕ ਦੁਆ ਕਰਨ, ਖ਼ੁਦਾ ਦੀ ਵਡਿਆਈ ਕਰਨ, ਖ਼ੁਦਾ ਦੇ ਵਚਨ ਵਿੱਚੋਂ ਸੰਦੇਸ਼ ਸੁਣਨ, ਆਪਣਾ ਧਨ ਦੇਣ ਅਤੇ ਪ੍ਰਭੂ ਭੋਜ ਮਨਾਉਣ ਲਈ ਜਮ੍ਹਾਂ ਹੁੰਦੇ ਹਨ।

ਨਵਾਂ ਨੇਮ ਮਸੀਹੀ ਲੋਕਾਂ ਨੂੰ ਰਸੂਲਾਂ ਦੀ ਉਦਾਹਰਣ ਅਤੇ ਸਿੱਧੇ ਹੁਕਮ ਦੋਹਾਂ ਦੇ ਰਾਹੀਂ ਪ੍ਰਭੂ ਦੇ ਦਿਨ ਜਮ੍ਹਾਂ ਹੋਣ ਦੀ ਸਿੱਖਿਆ ਦਿੰਦਾ ਹੈ। ਜੇ ਅਸੀਂ ਹਫ਼ਤੇ ਦੇ ਹਰ ਪਹਿਲੇ ਦਿਨ ਪ੍ਰਭੂ ਭੋਜ ਵਿਚ ਭਾਗ ਲਈਏ, ਜਿਵੇਂ ਕਿ ਮੁੱਢਲੀ ਕਲੀਸੀਆ ਕਰਦੀ ਸੀ (ਰਸੂਲਾਂ ਦੇ ਕੰਮ 20:7; 1 ਕੁਰਿੰਥੀਆਂ 11:20–34; 16:2) ਤਾਂ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਉਸ ਵਿਚ ਮੌਜੂਦ ਹੋਈਏ। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਯਹੂਦੀ ਮਸੀਹੀ ਲੋਕਾਂ ਨੂੰ ਇਹ ਉਤਸ਼ਾਹਿਤ ਕਰਨ ਲਈ ਲਿਖਿਆ ਕਿ ''ਆਪੋ ਵਿੱਚੀਂ ਇਕੱਠੇ ਹੋਣ ਨੂੰ ਨਾ ਛੱਡੀਏ ਜਿਵੇਂ ਕਈਆਂ ਦਾ ਦਸਤੂਰ ਹੈ ਸਗੋਂ ਇਕ ਦੂਏ ਨੂੰ ਉਪਦੇਸ਼ ਕਰੀਏ ਅਤੇ ਇਹ ਓਨਾ ਹੀ ਵਧੀਕ ਹੋਵੇ ਜਿੰਨਾਂ ਤੁਸੀਂ ਵੇਖਦੇ ਹੋ ਕਿ ਉਹ ਦਿਨ ਨੇੜੇ ਆਉਂਦਾ ਹੈ'' (ਇਬਰਾਨੀਆਂ 10:25; NIV)। ਆਰੰਭਿਕ ਮਸੀਹੀ ਹਫ਼ਤੇ ਦੇ ਪਹਿਲੇ ਦਿਨ ਇੱਕਠੇ ਹੁੰਦੇ ਸਨ। ਨੇਮ ਅਤੇ ਹੋਰ ਇਤਿਹਾਸਿਕ ਵੇਰਵਿਆਂ ਰਾਹੀਂ ਤਸਦੀਕ ਕੀਤਾ ਗਿਆ ਤੱਥ ਹੈ, ਇਸ ਕਰਕੇ ਇਬਰਾਨੀਆਂ ਦੀ ਕਿਤਾਬ ਵਿਚ ਦੱਸੀ ਗਈ ਇਕੱਠੇ ਹੋਣ ਦੀ ਗੱਲ ਸਾਫ਼ ਤੱਥ ਹੈ। ਖ਼ੁਦਾ ਦੀ ਪ੍ਰੇਰਣਾ ਪਾਏ ਲੇਖਕ ਦੀ ਮਰਜ਼ੀ ਇਹ ਨਹੀਂ ਸੀ ਕਿ ਉਸ ਦੇ ਪਾਠਕ ਪ੍ਰਭੂ ਦੇ ਦਿਨ ਕਲੀਸੀਆ ਨਾਲ ਇਕੱਠਾ ਹੋਣ ਨੂੰ ਛੱਡ ਦੇਣ।

## "ਮਨੁੱਖ ਦਾ ਪੁੱਤਰ" (12:8)

ਯਿਸੂ ਲਈ ਬਾਰ–ਬਾਰ ਵਰਤਿਆ ਗਿਆ ਸਿਰਲੇਖ ''ਮਨੁੱਖ ਦਾ ਪੁੱਤਰ'' ਨਵੇਂ ਨੇਮ ਵਿਚ ਅਠਾਸੀ ਵਾਰੀ ਮਿਲਦਾ ਹੈ; ਅਤੇ ਕੁਝ ਅਪਵਾਦਾਂ ਨਾਲ ਮਸੀਹ ਨੇ ਆਪ ਵੀ ਇਸ ਦੀ ਵਰਤੋਂ ਕੀਤੀ।
~~~

ਉਸ ਨੂੰ ਆਪਣੇ ਲਈ, ''ਪਰਮੇਸ਼ੁਰ ਦਾ ਪੁੱਤਰ'' ਸਿਰਲੇਖ ਚੁਣਨ ਦਾ ਹਰ ਇਖ਼ਤਿਆਰ ਸੀ, ਪਰ ਜ਼ਾਹਿਰ ਤੌਰ ਤੇ ਉਸ ਨੇ ''ਮਨੁੱਖ ਦਾ ਪੁੱਤਰ'' ਨੂੰ ਤਰਜੀਹ ਦਿੱਤੀ। ਇਹ ਇਸ ਗੱਲ ਦਾ ਸੰਕੇਤ ਦਿੰਦਾ ਲਗਦਾ ਹੈ ਯਿਸੂ ਇਸ ਵਾਕਅੰਸ਼ ਦੀ ਵਰਤੋਂ ਆਪਣੇ ਲਈ ਕਰਦੇ ਹੋਏ ਇਕ ਖ਼ਾਸ ਕਰ ਲਿਖਿਆ ਗਿਆ ਸੀ। ਇਕ ਪਾਸੇ ਇਹ ਉਸ ਦੇ ਸੰਪੂਰਨ ਮਨੁੱਖ ਹੋਣ ਤੇ ਜ਼ੋਰ ਦਿੰਦਾ ਹੈ। ਦੂਜੇ ਪਾਸੇ ਇਹ ਛੁਟਕਾਰੇ ਅਤੇ ਇਖ਼ਤਿਆਰ ਵਾਲੇ ਉਸ ਦੇ ਮਿਸ਼ਨ ਤੇ ਵੀ ਜ਼ੋਰ ਦਿੰਦਾ ਹੈ। ਪਰਮੇਸ਼ੁਰ ਮਨੁੱਖ ਬਣਿਆ ਤਾਂ ਸਾਨੂੰ ਆਪਣੇ ਨਾਲ ਸਹੀ ਸਬੰਧ ਵਿਚ ਲਿਆਉਣ ਲਈ ਸਾਡੇ ਵਰਗਾ ਬਣ ਸਕੇ ਤਾਂ ਜੋ ਉਸ ਦੇ ਇਖ਼ਤਿਆਰ ਦੀ ਵਰਤੋਂ ਸਾਡੀ ਭਲਿਆਈ ਲਈ ਹੋਵੇ।

---

ਟਿੱਪਣੀਆਂ

[1]ਡਗਲਸ ਆਰ. ਏ. ਹੇਅਰ, *ਮੈਥਿਊ,* ਇੰਟਰਪ੍ਰਿਟੇਸ਼ਨ (ਲੁਈਸਵਿੱਲੇ: ਜੌਨ ਨੌਕਸ ਪ੍ਰੈੱਸ, 1993), 130. [2]ਮਿਸ਼ਨਾਹ *ਸ਼ੱਬਥ* 7.2. [3]ਡੇਵਿਡ ਹਿਲ, *ਦ ਗੌਸਪਲ ਆਫ਼ ਮੈਥਿਊ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1972), 210. [4]''ਕੁਰਬਾਨੀ ਭਰੀ ਸੇਵਾ ਸੱਬਤ ਨਾਲੋਂ ਵਧ ਕੇ ਹੈ'' (ਟਾਲਮੁਡ *ਸ਼ੱਬਥ* 132ਬੀ)। [5]ਹੇਅਰ, 132. [6]ਜੇ. ਡਬਲਯੂ. ਮੈਕਗਰਵੇ, *ਦ ਨਿਊ ਟੈਸਟਾਮੈਂਟ ਕਮੈਂਟਰੀ,* ਜਿਲਦ 1, *ਮੈਥਿਊ ਐਂਡ ਮਾਰਕ* (ਪੰਨਾ ਰਹਿਤ, 1875; ਰੀਪ੍ਰਿੰਟ, ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲੀਸ਼ਿੰਗ ਕੰ., ਮਿਤੀ ਰਹਿਤ), 104. [7]ਉਹੀ, 105. [8]ਵੇਖੋ ਟਾਲਮੁਡ *ਸ਼ੱਬਥ* 128ਬੀ; *ਬਾਬਾ ਮੇਜ਼ੀਆ* 32ਬੀ। ਖਾਰੇ ਸਮੁੰਦਰ ਦਿਆਂ ਪੱਤਰਿਆਂ ਤੋਂ ਪਤਾ ਲਗਦਾ ਹੈ ਕਿ ਕੁਮਰਾਨ ਦਾ ਸਮਾਜ ਹੋਰ ਵੀ ਸਖ਼ਤ ਸੀ: ''ਕੋਈ ਮਨੁੱਖ ਸੱਬਤ ਵਾਲੇ ਦਿਨ ਜਣੇਪੇ ਲਈ ਕਿਸੇ ਪਸ਼ੂ ਦੀ ਮਦਦ ਨਹੀਂ ਕਰੇਗਾ ਅਤੇ ਜੇ ਇਹ ਤਲਾਬ ਜਾਂ ਟੋਏ ਵਿਚ ਡਿੱਗ ਪਵੇ ਤਾਂ ਉਹ ਉਸ ਨੂੰ ਸੱਬਤ ਵਾਲੇ ਦਿਨ ਨਹੀਂ ਕੱਢੇਗਾ। ... ਪਰ ਜੇ ਕੋਈ ਆਦਮੀ ਪਾਣੀ ਜਾਂ ਅੱਗ ਵਿਚ ਡਿੱਗ ਜਾਂਦਾ ਹੈ ਤਾਂ ਉਸ ਨੂੰ ਪੌੜੀ ਜਾਂ ਰੱਸੀ ਜਾਂ (ਕਿਸੇ ਅਜਿਹੀ) ਚੀਜ਼ ਦੀ ਮਦਦ ਨਾਲ ਕੱਢਿਆ ਜਾਵੇ'' (*ਡੈਮਸਕਸ ਰੂਲ* 11.13, 14, 16, 17)। [9]''ਜਾਨ ਦੇ ਖ਼ਤਰੇ ਦੇ ਸੰਦੇਸ਼ ਦੀ ਕੋਈ ਵੀ ਗੱਲ ਸੱਬਤ ਦੀਆਂ ਪਾਬੰਦੀਆਂ ਤੋਂ ਉੱਪਰ ਹੈ'' (ਮਿਸ਼ਨਾਹ *ਯੋਮਾ* 8.6)। [10]ਮਿਸ਼ਨਾਹ *ਸ਼ੱਬਥ* 18.3.

[11]ਉਦਾਹਰਣ ਲਈ, ਸੱਬਤ ਵਾਲੇ ਦਿਨ ਟੁੱਟਿਆ ਹੋਇਆ ਅੰਗ ਠੀਕ ਕਰਨਾ ਗਲਤ ਹੈ। (ਮਿਸ਼ਨਾਹ *ਸ਼ੱਬਥ* 22.6.) [12]ਉਹੀ, 18.3—19.5. [13]ਪਲਾਇਨੀ *ਲੈਟਰਜ਼* 10.96; ਜਸਟਿਨ ਮਾਰਟਿਰ *ਅਪੋਲੋਜੀ* 1.67; ਕਲੇਮੈਂਟ ਆਫ਼ ਅਲੈਗਜ਼ੈਂਡਰੀਆ *ਮਿਸਸਿਲੇਨੀਅਸ* 6.14; *ਦ ਇੰਸਟ੍ਰਕਟਰ* 3.11.